# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

ਵੱਲ

1. ਰਾਜ ਦੇ ਸਮੂਹ ਮੰਡਲ ਸਿੱਖਿਆ ਅਫ਼ਸਰ
2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
3. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
4. ਰਾਜ ਦੇ ਸਮੂਹ ਸਕੂਲ ਮੁੱਖੀ (ਵੈਬ-ਸਾਈਟ ਰਾਹੀਂ)

ਮੀਮੋ ਨੰ:ਸਸਅ/ਐਮਸੀ/2010/30543-30596
ਮਿਤੀ,ਚੰਡੀਗੜ੍ਹ 22 ਮਾਰਚ 2010

**ਵਿਸ਼ਾ:-** **ਸਕੂਲ ਮੁਖੀਆਂ ਦੀ ਹਾਜ਼ਰੀ ਲਗਾਉਣ ਸਬੰਧੀ।**

**ਹਵਾਲਾ :-** **ਇਸ ਦਫ਼ਤਰ ਦੇ ਪੱਤਰ ਨੰ: 2008/ਸਸਅ/ਕੁਆਰਡੀਨੇਸ਼ਨ/25723 ਮਿਤੀ 17-02-10 ਦੀ ਲਗਾਤਾਰਤਾ ਵਿੱਚ।**

1.0 ਉਪਰੋਕਤ ਵਿਸ਼ੇ ਅਤੇ ਹਵਾਲੇ ਦੇ ਸਬੰਧ ਵਿੱਚ ਆਪ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਕਿ ਸਕੂਲ ਮੁਖੀਆਂ ਵੱਲੋਂ ਆਪਣੀ ਹਾਜਰੀ ਲਗਾਉਣ ਵੇਲੇ ਆਉਣ ਸਮਾਂ ਅਤੇ ਜਾਣ ਸਮਾਂ ਹਾਜਰੀ ਰਜਿਸਟਰ ਵਿੱਚ ਦਰਜ ਨਹੀਂ ਕੀਤਾ ਜਾਂਦਾ, ਜੋ ਕਿ ਸਰਕਾਰੀ ਨਿਯਮਾਂ ਦੀ ਉਲੰਘਣਾ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਸਕੂਲ ਮੁੱਖੀ ਅਕਸਰ ਜ਼ਿਲ੍ਹਾ ਸਿੱਖਿਆ ਅਫਸਰਾਂ ਦੇ ਦਫ਼ਤਰ ਜਾਂ ਖਜਾਨੇ ਦਫ਼ਤਰ ਜਾਣ ਲੱਗਿਆਂ ਸਕੂਲ ਦੇ ਐਸ.ਐਲ.ਏ.ਜਾਂ ਕਲਰਕ ਨੂੰ ਬਿਨਾਂ ਕਿਸੇ ਵਿਸ਼ੇਸ਼ ਕੰਮ ਦੇ ਨਾਲ ਲੈ ਜਾਂਦੇ ਹਨ। ਜਿਸ ਨਾਲ ਸਾਇੰਸ ਅਧਿਆਪਕ ਦਾ ਕੰਮ ਵਿੱਚ ਵਿਘਨ ਪੈਂਦਾ ਹੈ। ਇਸ ਕਰਕੇ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਮੁੱਖੀ ਆਪਣੀ ਹਾਜਰੀ ਵਿੱਚ ਆਉਣ ਤੇ ਜਾਣ ਦਾ ਸਮਾਂ ਦਰਜ ਕਰਨ ਅਤੇ ਬੇਲੋੜੀ ਸਥਿਤੀ ਵਿੱਚ ਐਸ.ਐਲ.ਏ.ਅਤੇ ਕਲਰਕ ਨਾ ਲੈ ਕੇ ਜਾਣ।

2.0 ਉਪਰੋਕਤ ਹਦਾਇਤ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**